This question paper contains 4 printed pages]

*Your Roll No.*...............

**386**

**B.A. (PROGRAMME)/II** **J**

**(A)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠਾਂ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 15

(ੳ) ਕੱਤਕ ਦੀਆਂ ਨਵੀਆਂ ਕੂੰਜਾਂ ਦਿਲ ਉਕਸਾਵਣ ਪਈਆਂ,

ਸੀਨਿਆਂ ਅੰਦਰ ਉਤਰ ਉਤਰ ਕੇ ਦਰਦ ਜਗਾਵਣ ਪਈਆਂ ।

ਕਾਸ਼ ! ਇਨ੍ਹਾਂ ਦੀ ਬੋਲੀ ਵਿਚੋਂ, ਨਵਾਂ ਜੁੱਗ ਕੋਈ ਜਾਗੇ,

ਸਾਰੇ ਭਾਗਾਂ ਵਾਲੇ ਹੋਵਣ, ਰਹਿਣ ਨਾ ਕੋਈ ਨਿਭਾਗੇ ।

(ਅ) ਕਈ ਕਰੋੜ ਦੇਵਤੇ ਬਣ ਗਏ
ਕਈ ਕਰੋੜਾਂ ਦੈਂਤ ਉਗਮ ਪਏ
ਮੱਲ ਬੈਠੇ ਅਸਮਾਨ ।
ਦੈਂਤ ਬਣੇ ਧਿਰਤੀ ਦੇ ਮਾਲਕ
ਦੇਵ ਹੋਏ ਸ਼ਰਧਾ ਦੇ ਪਾਤਰ
ਜੁਗਾਂ ਜੁਗਾਂ ਤੱਕ ਇਵੇਂ ਮਨੁੱਖ ਦੀ
ਹੁੰਦੀ ਰਹੀ ਕਲਿਆਣ ।

(ੲ) ਅਜ ਮੁੜ ਧਾਏ ਨਵੇਂ ਚੁਗੱਤੇ,
ਧਰਤੀ ਲਹੂ-ਲੁਹਾਨ ਵੇ ਲਾਲੋ ।
ਅਜ ਮੁੜ ਸੱਚ ਨੂੰ ਫਾਂਸੀ ਲੱਗੀ,
ਕੂੜ ਫਿਰੇ ਪਰਧਾਨ ਵੇ ਲਾਲੋ !
ਨਵਾਂ ਪੁਰਾਣੇ ਨਾਲ ਜਾ ਭਿੜਦਾ,
ਦੋ ਟਕਰਾਣ ਜਹਾਨ ਵੇ ਲਾਲੋ ।

**ਜਾਂ**

ਪੰਜਾਬੀ ਕਵਿਤਾ ਦੇ ਖੇਤਰ ਵਿਚ ਸਮੇਂ ਸਮੇਂ ਪ੍ਰਚੱਲਿਤ ਹੋਈਆਂ ਲਹਿਰਾਂ ਵਿਚੋਂ ਕਿਸੇ **ਇਕ** ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਉ ।

2. ਨਾਟਕ 'ਕਲ੍ਹ ਅੱਜ ਤੇ ਭਲਕ' ਦੀ ਮੂਲ ਸਮੱਸਿਆ ਬਾਰੇ ਵਿਸਥਾਰ ਸਹਿਤ ਚਰਚਾ ਕਰੋ । 15

**ਜਾਂ**

ਨਾਟਕ 'ਕਲ੍ਹ ਅੱਜ ਤੇ ਭਲਕ' ਦਾ ਮੁੱਖ ਖ਼ਲਨਾਇਕ ਕੌਣ ਹੈ ? ਉਸਦੇ ਚਰਿੱਤਰ ਬਾਰੇ ਵਿਸਥਾਰ ਸਹਿਤ ਦੱਸੋ ।

3. ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ ਨੂੰ ਬੈਂਕ ਦੇ ਕਿਸੇ ਕਰਮਚਾਰੀ ਦੇ ਤੁਹਾਡੇ ਨਾਲ ਕੀਤੇ ਗਏ ਗ਼ਲਤ ਵਿਵਹਾਰ ਬਾਰੇ ਸ਼ਿਕਾਇਤੀ ਪੱਤਰ ਲਿਖੋ । 10

ਜਾਂ

ਤੁਹਾਡਾ ਭਰਾ ਵੀ ਤੁਹਾਡੇ ਨਾਲ ਕਾਲਜ ਵਿਚ ਪੜ੍ਹਦਾ ਹੈ । ਆਪਣੀ ਮਾਲੀ ਹਾਲਤ ਦੱਸਦੇ ਹੋਏ ਕਾਲਜ ਦੇ ਪ੍ਰਿੰਸੀਪਲ ਨੂੰ ਦੋਹਾਂ ਦੀ ਫ਼ੀਸ ਮਾਫ਼ੀ ਲਈ ਬੇਨਤੀ ਪੱਤਰ ਲਿਖੋ ।

4. ਹੇਠਾਂ ਦਿੱਤੇ ਸਵਾਲਾਂ ਵਿਚੋਂ ਕਿਸੇ **ਦੋ** ਦਾ ਉੱਤਰ ਦਿਉ : 10

(ੳ) ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਦਿਉ ।

(ਅ) ਅਗੇਤਰ ਅਤੇ ਪਿਛੇਤਰ ਤੋਂ ਕੀ ਭਾਵ ਹੈ ? ਅਗੇਤਰਾਂ ਦੀ ਵਰਤੋਂ ਕਰਕੇ ਕੋਈ **ਪੰਜ** ਸ਼ਬਦ ਲਿਖੋ ।

(ੲ) ਵਾਕ ਦੀ ਪਰਿਭਾਸ਼ਾ ਦੱਸਦੇ ਹੋਏ ਨਾਲ ਇਹ ਵੀ ਦੱਸੋ ਕਿ ਸੰਯੁਕਤ ਵਾਕ ਕੀ ਹੁੰਦਾ ਹੈ ?

5. ਹੇਠਾਂ ਦਿੱਤੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸਦਾ ਸਿਰਲੇਖ ਵੀ ਦੱਸੋ : 10

ਇਕ ਪ੍ਰਸਿੱਧ ਵਿਦਵਾਨ ਦਾ ਕਥਨ ਹੈ ਕਿ ਢਿੱਡ ਭਰਨ ਉਪਰੰਤ ਵਿਦਿਆ ਹੀ ਇਕ ਅਜਿਹੀ ਚੀਜ਼ ਹੈ, ਜਿਸ ਦੀ ਮਨੁੱਖ ਨੂੰ ਲੋੜ ਹੈ । ਸਕੂਲਾਂ, ਕਾਲਜਾਂ ਦੀ ਵਿਦਿਆ ਇਕ ਬੜਾ ਨਿੱਕਾ ਜਿਹਾ ਹਿਸਾ ਹੈ ਉਸ ਸਾਰੇ ਗਿਆਨ ਦਾ, ਜੋ ਬੰਦਾ ਆਪਣੀ ਲੰਮੀ ਉਮਰ ਵਿਚ ਸਭ ਪਾਸਿਆਂ ਤੋਂ ਆਪਣੀ ਮਿਹਨਤ ਅਤੇ ਤਜਰਬੇ ਸਦਕਾ ਪ੍ਰਾਪਤ ਕਰਦਾ ਹੈ । ਸਕੂਲ, ਕਾਲਜ ਕੇਵਲ ਪੜ੍ਹਨਾ ਲਿਖਣਾ ਤੇ ਵਿਦਿਆ ਪ੍ਰਾਪਤੀ ਦੇ ਢੰਗ ਸਿਖਾਉਂਦੇ ਹਨ ਤੇ ਵਿਦਿਆ ਦਾ ਵੱਡਾ ਸਾਗਰ ਉਹ ਪੁਸਤਕਾਂ ਦੇ ਭੰਡਾਰ ਹਨ ਜੋ ਹਰ ਇਲਮ, ਹਰ ਫ਼ਨ ਤੇ ਹਰ ਕਿਰਤ ਦੀ ਸਿੱਖਿਆ ਨਾਲ ਭਰਪੂਰ ਹਨ । ਇਸ ਵਿਦਿਆ ਦੇ ਸਾਗਰ ਦੀ ਕੋਈ ਥਾਹ ਨਹੀਂ, ਸਵਾਲ ਕੇਵਲ ਇਹ ਹੈ ਕਿ ਆਦਮੀ ਆਪਣੀ ਇਸ ਛੋਟੀ ਜਿਹੀ ਉਮਰ ਵਿਚ ਕੀ ਕੁਝ ਲਵੇ ਅਤੇ ਕੀ ਛੱਡੇ । ਰੋਟੀ ਕਮਾਵੇ,

ਟੱਬਰ ਪਾਲੇ, ਭਗਤੀ ਕਰੇ, ਉਪਕਾਰ ਕਰੇ, ਦੇਸ਼ ਸੇਵਾ ਕਰੇ ਜਾਂ ਇਸ ਵਿਦਿਆ ਦੇ ਖ਼ਜ਼ਾਨੇ ਦੀ ਚੰਗੀ ਪੜਚੋਲ ਕਰੇ। ਪੜ੍ਹਣ ਨੂੰ ਤਾਂ ਬੇਅੰਤ ਵਿਸ਼ੇ, ਅਣਗਿਣਤ ਪੁਸਤਕਾਲੇ ਤੇ ਬੇਓੜਕ ਲੇਖ ਹਨ, ਪਰ ਸਮਾਂ ਕਿਥੇ ਹੈ, ਵਿਹਲ ਕਿਥੇ ਹੈ, ਆਪਣੀਆਂ ਰੀਝਾਂ ਨੂੰ ਥੋੜਾ ਜਿਹਾ ਵੀ ਪੂਰਾ ਕਰਨ ਲਈ।

6. ਹੇਠਾਂ ਲਿਖੇ ਸਵਾਲਾਂ ਦੇ ਸੰਖੇਪ ਜਵਾਬ ਲਿਖੋ : 15

(ੳ) ਉਪ-ਬੋਲੀ ਕਿਸਨੂੰ ਕਹਿੰਦੇ ਹਨ ? ਪੰਜਾਬੀ ਦੀਆਂ ਕੋਈ ਤਿੰਨ ਉਪ-ਬੋਲੀਆਂ ਦੇ ਨਾਂ ਦੱਸੋ।

(ਅ) ਹੇਠਾਂ ਲਿਖੇ ਅਗੇਤਰਾਂ ਦੀ ਮਦਦ ਨਾਲ ਦੋ-ਦੋ ਸ਼ਬਦ ਬਣਾਉ :

ਅਪ, ਕਮ, ਬੇ, ਨਿਰ, ਦੁਰ।

(ੲ) 'ਗ਼ਜ਼ਲ' ਕਾਵਿ-ਰੂਪ ਦੀ ਪਰਿਭਾਸ਼ਾ ਲਿਖੋ।

(ਸ) 'ਖੇੜਾ' ਕਵਿਤਾ ਰਾਹੀਂ ਭਾਈ ਵੀਰ ਸਿੰਘ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ? ਸੰਖੇਪ ਵਿਚ ਦੱਸੋ।

(ਹ) ਵਾਰਤਾਲਾਪ ਕਿਸਨੂੰ ਕਹਿੰਦੇ ਹਨ ? 'ਕਲ੍ਹ ਅਜ ਤੇ ਭਲਕ' ਨਾਟਕ ਦੇ ਵਾਰਤਾਲਾਪ ਬਾਰੇ ਸੰਖੇਪ ਰਾਇ ਦਿਉ।